ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਅਧਿਐਨ ਕੇਂਦਰ
ਪੰਜਾਬ ਓਪਨ ਸਕੂਲ

ਨੰਬਰ: ਪਸਸਬ (E-289570) /ਓ.ਸ /2026.....144..................... ਮਿਤੀ 13-10-2026

ਵਿਸ਼ਾ- ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਜੁਲਾਈ/ਅਗਸਤ 2026 (ਬਲਾਕ-2) ਪੂਰੇ ਵਿਸ਼ਿਆਂ ਦੀ ਪ੍ਰੀਖਿਆ ਲਈ ਵਿਦਿਆਰਥੀਆਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਆਂਤਰਿਕ ਮੁਲਾਂਕਣ/ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ ਮਿਤੀ ਵਿੱਚ ਵਾਧਾ ਕਰਨ ਬਾਰੇ।

....

ਓਪਨ ਸਕੂਲ ਦੇ ਅਧਿਐਨ ਕੇਂਦਰਾ ਨੂੰ ਹੇਠ ਅਨੁਸਾਰ ਹਦਾਇਤਾਂ ਜਾਰੀਆਂ ਕੀਤੀਆਂ ਜਾਂਦੀਆਂ ਹਨ :-

i ਓਪਨ ਸਕੂਲ ਪ੍ਰਨਾਲੀ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਲਾਗੂ ਸਕੀਮ ਆਫ ਸਟਡੀਜ਼ ਅਨੁਸਾਰ ਹਰੇਕ ਵਿਸ਼ੇ ਲਈ ਲਿਖਤੀ/ਪ੍ਰਯੋਗੀ (ਜਿੱਥੇ ਲਾਗੂ ਹੋਵੇ) ਅਤੇ ਆਂਤਰਿਕ ਮੁਲਾਂਕਣ ਅੰਕ ਬੋਰਡ ਵੱਲੋਂ ਨਿਰਧਾਰਤ ਕੀਤੇ ਗਏ ਹਨ।

ii ਓਪਨ ਸਕੂਲ ਦੇ ਅਧਿਐਨ ਕੇਂਦਰ ਵੱਲੋਂ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਵਿਦਿਆਰਥੀਆਂ ਦੇ ਦੋ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ ਕੰਡਕਟ ਕਰਕੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਅੰਕ ਓਪਨ ਸਕੂਲ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਲਾਗੂ ਸਕੀਮ ਆਫ ਸਟਡੀਜ਼ ਅਨੁਸਾਰ ਮਿਤੀ 01-09-2026 ਤੋਂ 10-09-2026 ਤੱਕ ਅਤੇ ਮੁੜ ਮਿਤੀ 21-09-2026 ਤੱਕ ਬੋਰਡ ਪੋਰਟਲ ਤੇ ਅਪਲੋਡ ਕਰਨ ਦਾ ਸਮਾਂ ਦਿੱਤਾ ਗਿਆ ਸੀ। ਪਰੰਤੂ ਕੁਝ ਅਧਿਐਨ ਕੇਂਦਰਾਂ ਵੱਲੋਂ ਬੋਰਡ ਪੋਰਟਲ ਤੇ ਅੰਕ ਅਪਲੋਡ ਨਹੀਂ ਕੀਤੇ ਗਏ। ਇਸ ਲਈ ਓਪਨ ਸਕੂਲ ਪ੍ਰਨਾਲੀ ਅਧੀਨ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ ਲਾਗੂ ਸਕੀਮ ਆਫ ਸਟਡੀਜ਼ ਅਨੁਸਾਰ ਅੰਕ ਅਪਲੋਡ ਕਰਨ ਲਈ ਮਿਤੀ 15-10-2026 ਤੱਕ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ। ਇਸ ਮਿਤੀ ਉਪਰੰਤ ਹੋਰ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

iii ਸਬੰਧਤ ਅਧਿਐਨ ਕੇਂਦਰ ਵੱਲੋਂ ਅਪਲੋਡ ਕੀਤੇ ਗਏ ਅੰਕਾ ਸਬੰਧੀ ਸਮੁੱਚਾ ਰਿਕਾਰਡ ਰੱਖਿਆ ਜਾਵੇ ਅਤੇ ਲੋੜ ਪੈਣ ਤੇ ਮੈਨੂਅਲ -ਰਿਕਾਰਡ ਪੇਸ਼ ਕੀਤਾ ਜਾਵੇ।

iv ਉਪਰੋਕਤ ਅਨੁਸਾਰ **ਆਂਤਰਿਕ ਮੁਲਾਂਕਣ/ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ** ਦੀ ਸਮੁੱਚੀ ਜਿੰਮੇਵਾਰੀ ਸਬੰਧਤ ਅਧਿਐਨ ਕੇਂਦਰ ਮੁੱਖੀ/ ਪ੍ਰਿੰਸੀਪਲ ਦੀ ਹੋਵੇਗੀ।

v ਲੋੜ ਪੈਣ ਤੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਹੇਠ ਦਰਜ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:-

ਦਸਵੀਂ ਸ਼੍ਰੇਣੀ ਲਈ – 01725227275 - 7276, 7290, 7292

ਬਾਰ੍ਹਵੀਂ ਸ਼੍ਰੇਣੀ ਲਈ -01725227305 - 7314, 7318, 7319

ਓਪਨ ਸਕੂਲ ਸ਼ਾਖਾ- 01725227197

ਨੋਟ:- **ਓਪਨ ਸਕੂਲ ਜੁਲਾਈ/ਅਗਸਤ 2026 (ਬਲਾਕ-2) ਲਈ ਚਾਲੂ ਅਕਾਦਮਿਕ ਸਾਲ 2025-26 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਫੇਲ ਹੋਏ ਰੈਗੂਲਰ ਵਿਦਿਆਰਥੀਆਂ (ਜਿਹਨਾਂ ਨੇ ਮਿਤੀ 29-05-2026 ਤੋਂ 12-06-2026 ਤੱਕ ਆਨਲਾਈਨ ਦਾਖਲਾ ਲਿਆ ਹੈ) ਦੇ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਅਨੁਪਾਤਕ ਅੰਕ ਬੋਰਡ ਵੱਲੋਂ ਲਗਾਏ ਜਾਣਗੇ।**

13/10/2026

ਉਪ ਸਕੱਤਰ(ਅਕਾਦਮਿਕ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner